International Journal of Applied Research 2021; 7(10): 379-382



International Journal of Applied Research

**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(10): 379-382
www.allresearchjournal.com
Received: 15-08-2021
Accepted: 20-09-2021

**ਡਾ. ਲਖਵੀਰ ਲੇਜ਼ੀਆ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਪੰਜਾਬ, ਭਾਰਤ

**Corresponding Author:**
**ਡਾ. ਲਖਵੀਰ ਲੇਜ਼ੀਆ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਪੰਜਾਬ, ਭਾਰਤ

# ਡਾ. ਦਵੇਸ਼ਵਰ ਦੀ ਮੈਟਾ ਆਲੋਚਨਾ-ਦ੍ਰਿਸ਼ਟੀ

**ਡਾ. ਲਖਵੀਰ ਲੇਜ਼ੀਆ**

ਪੰਜਾਬੀ ਪ੍ਰਗਤੀਵਾਦੀ ਮਾਰਕਸਵਾਦੀ ਸਾਹਿਤ ਚਿੰਤਨ ਵਿੱਚ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦਾ ਨਾਂ ਸਥਾਪਿਤ ਚਿੰਤਕ ਵਜੋਂ ਲਿਆ ਜਾਂਦਾ ਹੈ। ਉਸ ਨੇ ਮਾਰਕਸਵਾਦੀ ਸਾਹਿਤ ਚਿੰਤਨ ਵਿੱਚ ਆਪਣੀ ਪਹਿਲੀ ਮੌਲਿਕ ਪੁਸਤਕ ਪ੍ਰਗਤੀਵਾਦ: ਇਤਿਹਾਸਕ ਤੇ ਸਿਧਾਂਤਕ ਪਰਿਪੇਖ ਰਾਹੀਂ ਪ੍ਰਵੇਸ਼ ਕੀਤਾ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਸਾਹਿਤ ਚਿੰਤਨ ਦੇ ਕਾਰਜ ਵਿੱਚ ਜੁੜੇ ਹੋਏ ਹਨ। ਉਹਨਾਂ ਨੇ ਹੁਣ ਤੱਕ ਪੰਜਾਬੀ ਸਾਹਿਤ ਨੂੰ ਛੇ ਮੌਲਿਕ ਪੁਸਤਕਾਂ ਪ੍ਰਗਤੀਵਾਦ: ਇਤਿਹਾਸਕ ਤੇ ਸਿਧਾਂਤਕ ਪਰਿਪੇਖ (1990), ਪੰਜਾਬੀ ਗਲਪ ਚਿੰਤਨ (1997), ਸਮਾਜ ਸੱਤਾ ਤੇ ਸਮਕਾਲੀ ਨਾਵਲ (2006), ਆਧੁਨਿਕ ਪੰਜਾਬੀ ਬਿਰਤਾਂਤ (2012) ਅਤੇ ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ (2016) ਅਤੇ ਅੱਠ ਸੰਪਾਦਿਤ ਪੁਸਤਕਾਂ ਤੋਂ ਇਲਾਵਾ ਅਨੇਕ ਖੋਜ-ਪੱਤਰ ਲਿਖੇ ਹਨ ਜੋ ਉਸ ਦੇ ਅੰਤਰ-ਅਨੁਸ਼ਾਸ਼ਨੀ ਅਤੇ ਗਹਿਰ ਗੰਭੀਰ ਅਧਿਐਨ ਅਤੇ ਵਿਧੀ ਦਾ ਪ੍ਰਗਟਾਵਾ ਕਰਦੇ ਹਨ।

ਸੰਤ ਸਿੰਘ ਸੇਖੋਂ ਪਹਿਲਾ ਮਾਰਕਸਵਾਦੀ ਸਾਹਿਤ ਆਲੋਚਕ ਸੀ ਜਿਸ ਨੇ ਪੰਜਾਬੀ ਸਾਹਿਤ ਆਲੋਚਨਾ ਨੂੰ ਇਸ ਦੇ ਸੀਮਤ ਅਧਿਐਨ-ਚੌਖਟੇ ਵਿਚੋਂ ਬਾਹਰ ਕੱਢਕੇ ਇਸ ਨੂੰ ਵਿਗਿਆਨਕ ਆਧਾਰ ਮੁਹੱਈਆ ਕੀਤਾ। ਕਿਸ਼ਨ ਸਿੰਘ, ਨ÷ਮ ਹੁਸੈਨ ਸਯਦ ਆਦਿ ਨੇ ਇਸ ਆਧਾਰ ਨੂੰ ਹੋਰ ਵਿਸਥਾਰ ਦਿੱਤਾ। ਦੂਜੀ ਪੀੜ੍ਹੀ ਵਿੱਚ ਅਤਰ ਸਿੰਘ, ਰਵਿੰਦਰ ਸਿੰਘ ਰਵੀ, ਟੀ.ਆਰ.ਵਿਨੋਦ, ਕੇਸਰ ਸਿੰਘ ਕੇਸਰ ਆਦਿ ਨੇ ਇਸ ਨੂੰ ਹੋਰ ਵੱਧ ਬਾਹਰਮੁਖੀ ਤੇ ਪ੍ਰਮਾਣਿਕ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਮਾਰਕਸਵਾਦੀ ਪੰਜਾਬੀ ਆਲੋਚਨਾ ਵਿਧੀ ਅਤੇ ਦ੍ਰਿਸ਼ਟੀ ਦੇ ਇਨ੍ਹਾਂ ਆਧਾਰਾਂ ਦੇ ਪੁਨਰ-ਚਿੰਤਨ ਦੀ ਪਰੰਪਰਾ ਵਿਧੀਬੱਧ ਢੰਗ ਨਾਲ ਆਰੰਭ ਹੋਈ। ਪੰਜਾਬੀ ਸਾਹਿਤ ਆਲੋਚਨਾ ਦੇ ਇਤਿਹਾਸ ਦੀ ਡੂਘੇਰੀ ਘੋਖ-ਪਰਖ ਅਤੇ ਇਤਿਹਾਸਕਾਰੀ ਲਈ ਕੁਝ ਹੋਰ ਪ੍ਰਬੁੱਧ ਸਾਹਿਤ ਚਿੰਤਕ ਅੱਗੇ ਆਏ। ਇਨ੍ਹਾਂ ਵਿੱਚ ਹਰਿਭਜਨ ਸਿੰਘ ਭਾਟੀਆ ਤੇ ਸੁਰਜੀਤ ਸਿੰਘ ਭੱਟੀ ਨੇ ਪਹਿਲ ਕਦਮੀ ਕੀਤੀ। ਇਨ੍ਹਾਂ ਦੇ ਨਾਲ ਹੀ ਸਮਕਾਲ ਤਕ ਕਈ ਹੋਰ ਵਿਦਵਾਨਾਂ ਨੇ ਇਸ ਕਾਰਜ ਵਿੱਚ ਆਪਣਾ ਭਰਵਾਂ ਯੋਗਦਾਨ ਪਾਇਆ। ਇਸ ਪੱਖੋਂ ਸੁਰਿੰਦਰ ਕੁਮਾਰ ਦਵੇਸ਼ਵਰ ਨੇ ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ ਧਾਰਾ ਨੂੰ ਵੱਧ ਸਮ੍ਰਿਧ ਤੇ ਸਾਹਿਤਕ ਪਾਠ ਦੇ ਨਿਕਟ-ਵਰਤੀ ਅਧਿਐਨ ਰਾਹੀਂ ਇਸ ਦੇ ਸਮਾਜ-ਸ਼ਾਸਤਰੀ, ਸੁਹਜ-ਸ਼ਾਸਤਰੀ, ਵਿਚਾਰਧਰਾਈ, ਮਨੋਵਿਗਿਆਨਕ ਅਤੇ ਬਹੁ-ਅਰਥੀ ਸਰੋਕਾਰਾਂ ਤਕ ਨੂੰ ਖੋਲਣ ਤੇ ਸਮਝਣ ਤਕ ਦੀ ਪਹੁੰਚ-ਦ੍ਰਿਸ਼ਟੀ ਪ੍ਰਦਾਨ ਕੀਤੀ। ਪੰਜਾਬੀ ਸਾਹਿਤ ਅਤੇ ਸਾਹਿਤ ਆਲੋਚਨਾ (2016) ਉਸ ਦੀ ਇਸੇ ਪਹੁੰਚ-ਵਿਧੀ ਤੇ ਪਹੁੰਚ-ਦ੍ਰਿਸ਼ਟੀ ਤੋਂ ਲਿਖੀ ਪੁਸਤਕ ਹੈ।

ਇਸ ਪੁਸਤਕ ਵਿੱਚ ਜਿਥੇ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਰੁਝਾਨਾਂ ਦੀ ਨਿਸ਼ਾਨਦੇਹੀ ਕੀਤੀ ਹੈ ਉਥੇ ਇਸ ਦੇ ਨਾਲ-ਨਾਲ ਪੰਜਾਬੀ ਸਾਹਿਤ ਆਲੋਚਕਾਂ ਅਤੇ ਇਸ ਦੇ ਸਥਾਪਿਤ ਮਾਰਕਸਵਾਦੀ ਚਿੰਤਕਾਂ ਦੇ ਪੁਨਰ-ਅਧਿਐਨ ਰਾਹੀਂ ਇਨ੍ਹਾਂ ਦੀ ਇਕ ਕ੍ਰਿਟੀਗ ਵੀ ਤਿਆਰ ਕੀਤੀ ਹੈ। ਉਸ ਨੇ ਆਪਣੀ ਇਸ ਪੁਸਤਕ ਦੀ ਵਸਤ ਨੂੰ ਤਿੰਨ ਹਿੱਸਿਆ ਵਿੱਚ ਵੰਡਿਆ ਹੋਇਆ ਹੈ। ਪਹਿਲਾ, ਪੰਜਾਬੀ ਸਾਹਿਤ ਦੀ ਸਮਕਾਲੀ ਸੰਵੇਦਨਾ ਤੇ ਪੰਜਾਬੀ ਸਾਹਿਤ ਦੀ ਸਾਰਥਕਤਾ ਨਾਲ ਸੰਬੰਧਤ ਹੈ। ਦੂਸਰੇ ਭਾਗ ਵਿੱਚ ਤਿੰਨ ਪ੍ਰਮੁੱਖ ਸਾਹਿਤ ਆਲੋਚਨਾ ਵਿਧੀਆਂ ਪ੍ਰਗਤੀਵਾਦੀ-ਮਾਰਕਸਵਾਦੀ, ਸਮਾਜ-ਸ਼ਾਸਤਰੀ ਅਤੇ ਸੁਹਜ-ਸ਼ਾਸਤਰੀ ਆਲੋਚਨਾ ਪ੍ਰਣਾਲੀਆਂ ਦੇ ਪ੍ਰਮੁੱਖ ਸੰਕਲਪਾਂ, ਆਧਾਰਾਂ ਅਤੇ ਇਤਿਹਾਸ ਨੂੰ ਖੋਲ੍ਹਿਆ ਗਿਆ ਹੈ। ਤੀਜੇ ਭਾਗ ਵਿੱਚ ਪੰਜਾਬੀ ਮਾਰਕਸਵਾਦੀ ਚਿੰਤਕਾਂ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਉਸ ਦੇ ਚਿੰਤਨ ਦੀ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਉਸ ਦੀ ਮਾਰਕਸਵਾਦੀ ਪਹੁੰਚ-ਵਿਧੀ ਤੇ ਦ੍ਰਿਸ਼ਟੀ ਵਿਚਲੀ ਬੌਧਿਕ ਇਕਾਗਰਤਾ ਨਿਰੰਤਰਤਾ ਦੇ ਰੂਪ ਵਿੱਚ ਆਪਣਾ ਸੰਤੁਲਨ ਬਣਾਈ ਰੱਖਦੀ ਹੈ। ਉਹ ਕਿਸੇ ਮੋਹ, ਭਾਵੁਕ ਉਲਾਰ ਜਾਂ ਪਾਠ ਤੋਂ ਵਿਛੁੰਨੀਆਂ ਉਕਤੀਆਂ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਉਹ ਕਿਸੇ ਵਿਦਵਾਨ ਦੇ ਰਚਿਤ-ਪਾਠਾਂ ਦੇ ਡੂੰਘੇਰੇ ਤੇ ਬਾਹਰਮੁਖੀ ਅਧਿਐਨ-ਵਿਸ਼ਲੇਸ਼ਣ ਰਾਹੀਂ ਉਸ ਦੇ ਦ੍ਰਿਸ਼ਟੀਗਤ ਆਧਾਰਾਂ

ਨਾਲ ਆਪਣਾ ਸੰਬਾਦ ਰਚਾਉਂਦੀ ਹੋਈ ਉਸ ਦਾ ਮੁਲਾਂਕਣ ਕਰਦੀ ਹੈ। ਡਾ. ਦਵੇਸ਼ਵਰ ਦਾ ਚਿੰਤਨ ਮਾਨਵਪੱਖੀ, ਮਾਨਵਵਾਦੀ ਤੇ ਉਦਾਰਵਾਦੀ ਦ੍ਰਿਸ਼ਟੀ ਦਾ ਧਾਰਨੀ ਰਿਹਾ ਹੈ। ਪੰਜਾਬੀ ਸਾਹਿਤ ਅਤੇ ਪੰਜਾਬੀ ਆਲੋਚਨਾ ਪੁਸਤਕ ਦੇ ਪਹਿਲੇ ਮ÷ਮੂਨ "ਆਧੁਨਿਕ ਪੰਜਾਬੀ ਸਾਹਿਤ ਦੀ ਸਮਾਜਿਕ ਸਾਰਥਕਤਾ" ਵਿੱਚ ਉਸ ਨੇ ਮੱਧਕਾਲੀ ਸਾਹਿਤ ਦੀ ਸਾਰਥਕਤਾ ਨੂੰ ਧਾਰਮਿਕ ਸਾਹਿਤ ਤਕ ਘਟਾ ਕੇ ਵੇਖਣ ਦੀ ਬਜਾਇ ਆਪਣੀ ਮਾਰਕਸਵਾਦੀ ਦ੍ਰਿਸ਼ਟੀ ਰਾਹੀਂ ਉਸ ਨੇ ਅਧਿਆਤਮਕਤਾ ਜਾਂ ਰਹੱਸਵਾਦੀ ਚਿਹਨਾਂ ਨੂੰ ਉਸ ਸਮੇਂ ਦੇ ਸਮਾਜਿਕ-ਸਭਿਆਚਾਰਕ, ਰਾਜਨੀਤਿਕ ਯਥਾਰਥ ਵਿੱਚਲੇ ਅੰਤਰ-ਵਿਰੋਧਾਂ ਦੇ ਪ੍ਰਸੰਗ ਵਿੱਚ ਖੋਲਿਆ ਹੈ। ਇਸ ਲਈ ਉਹਨਾਂ ਨੇ ਪੰਜਾਬੀ ਮੱਧਕਾਲੀ ਸਾਹਿਤ ਵਿੱਚ ਸੰਤ, ਸੂਰਮਾ ਤੇ ਸ਼ਹੀਦ ਦੇ ਤ੍ਰਿਵੈਣੀ ਸੰਗਮ ਦੀ ਪਛਾਣ ਕਰਵਾਉਂਦੇ ਹੋਏ ਉਸ ਦੇ ਸਾਹਸ ਤੇ ਕਾਰਜ ਨੂੰ ਪੰਜਾਬੀ ਮਾਨਸਿਕਤਾ ਦੇ ਸਰਵੋਤਮ ਮੁੱਲ ਨਾਲ ਜੋੜਿਆ ਹੈ। ਉਸ ਅਨੁਸਾਰ:

> ਸੰਤ, ਸੂਰਮਾ ਤੇ ਸ਼ਹੀਦ ਪੰਜਾਬੀ ਸੁਭਾਅ ਦਾ ਅਜਿਹਾ ਤ੍ਰਿਵੈਣੀ ਸੰਗਮ ਹੈ ਜਿਹੜਾ ਪੰਜਾਬੀ ਮਾਨਸਿਕਤਾ ਵਿੱਚ ਇਕ ਸਰਵੋਤਮ ਤੇ ਅਪਣਾਉਣ ਯੋਗ ਮੁੱਲ ਵਜੋਂ ਪ੍ਰਵਾਨ ਹੈ। [1]

ਇਸ ਨੂੰ ਹੋਰ ਵਿਸਥਾਰ ਦਿੰਦੇ ਹੋਏ ਉਹ ਅੱਗੇ ਚਲ ਕੇ ਲਿਖਦਾ ਹੈ:

> ਪੰਜਾਬੀ ਜੀਵਨ ਵਿੱਚ ਜਦੋਂ ਵੀ ਕਿਸੇ ਸੰਕਟ ਸਮੇਂ ਇਸ ਦੀ ਪਰਖ ਘੜੀ ਆਈ ਹੈ ਤਾਂ ਪੰਜਾਬੀਆਂ ਨੇ ਇਸ ਮੁਲ ਦੀ ਸਥਾਪਤੀ ਦਾ ਸਬੂਤ ਦਿੱਤਾ ਹੈ। ਪੰਜਾਬ ਦਾ ਗੌਰਵਮਈ ਇਤਿਹਾਸ ਗੁਰੂ ਸਾਹਿਬਾਨਾਂ ਦਾ ਸੰਤ, ਸੂਰਮੇ ਤੇ ਸ਼ਹੀਦੀ ਵਾਲਾ ਜੀਵਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਵਿਭਿੰਨ ਕਾਵਿ-ਧਰਾਵਾਂ ਵਿਚਲਾ ਕਾਵਿ-ਬਿੰਬ ਇਸ ਦੀ ਪ੍ਰਮਾਣਿਕਤਾ ਨੂੰ ਪੁõਤਾ ਰੂਪ ਵਿੱਚ ਸਥਾਪਤ ਕਰਦਾ ਹੈ। [2]

ਮੱਧਕਾਲੀ ਪੰਜਾਬੀ ਸਾਹਿਤ ਦਾ ਨਾਇਕ ਸੰਤ, ਸੂਰਮਾ ਤੇ ਸ਼ਹੀਦ ਹੀ ਰਿਹਾ। ਇਹਨਾਂ ਨੇ ਉਸ ਸਮੇਂ ਦੀਆਂ ਸੱਤਾ-ਸੰਸਥਾਵਾਂ ਦਾ ਵਿਰੋਧ ਕੀਤਾ ਜੋ ਮਾਨਵਦੋਖੀ ਸਨ। ਮਾਨਵੀਂ ਹਿੱਤਾਂ ਦੀ ਰੱਖਿਆ ਲਈ ਉਹਨਾਂ ਨੇ ਆਪਣਾ-ਆਪਾ ਵਾਰਿਆ। ਡਾ. ਦਵੇਸ਼ਵਰ ਮੱਧਕਾਲੀ ਸਾਹਿਤ ਅਤੇ ਸੰਕਲਪਾਂ ਦੀ ਧੁਰ-ਆਤਮਾਂ ਤਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਜਿਹੜੇ ਉਸ ਸਮੇਂ ਦੀਆਂ ਸੱਤਾ-ਸੰਸਥਾਵਾਂ ਜਾਂ ਉਸ ਸਮੇਂ ਦੇ ਵਿਤਕਰੇ ਜਿਸ ਵਿੱਚ ਜਾਤ-ਪਾਤ, ਉਚ-ਨੀਚ ਦਾ ਭੇਦ-ਭਾਵ ਆਦਿ ਸੀ, ਨੂੰ ਨਕਾਰਦੇ ਹਨ ਅਤੇ ਉਸ ਦੀ ਥਾਂ ਮਾਨਵਪੱਖੀ, ਉਦਾਰਵਾਦੀ ਮੁਲਾਂ ਨੂੰ ਸਥਾਪਿਤ ਕਰਦੇ ਹਨ। ਇਸ ਲਈ ਮੱਧਕਾਲੀ ਸਾਹਿਤ ਦੀ *"ਮੁੱਖ ਸੁਰ ਮਨੁੱਖ ਦੀ ਹੋਂਦ ਅਤੇ ਹੱਕਾਂ ਉਤੇ ਛਾਪਾ ਮਾਰਨ ਵਾਲੇ ਸੱਤਾ ਦੇ ਹਰ ਤਰ੍ਹਾਂ ਦੇ ਦਾਬੇ, ਦਮਨ ਅਤੇ ਸ਼ਕਤੀ ਦੇ ਵਿਰੋਧ ਪ੍ਰਤਿਰੋਧ ਵਾਲੀ ਰਹੀ ਹੈ।"*[3] ਇਹੀ ਕਾਰਨ ਹੈ ਕਿ ਡਾ.ਦਵੇਸ਼ਵਰ ਨੇ ਇਸ ਗੱਲ ਦੀ ਸਾਰਥਕਤਾ ਉਸ ਸਮੇਂ ਦੇ ਅਜਿਹੇ ਸੱਚ ਪ੍ਰਗਟਾਉਣ ਵਾਲੇ ਕਾਵਿ-ਪ੍ਰਵਚਨ ਵਿੱਚ ਵੇਖੀ।

ਡਾ.ਦਵੇਸ਼ਵਰ ਨੇ ਸਮਕਾਲੀ ਪੰਜਾਬੀ ਸਾਹਿਤ ਸੰਵੇਦਨਾ ਨੂੰ ਕਾਲ ਅਤੇ ਸੰਕਲਪ ਨਾਲ ਜੋੜ ਕੇ ਸਮਝਿਆ। ਕਾਲ ਦੇ ਪ੍ਰਸੰਗ ਵਿੱਚ ਉਹ 1990 ਤੋਂ ਸਮਕਾਲ ਨੂੰ ਮੰਨ ਕੇ ਚਲਦੇ ਹਨ ਅਤੇ ਸੰਕਲਪ ਦੇ ਪੱਖ ਤੋਂ ਸਮੁੱਚੀ ਵਿਚਾਰਧਾਰਾ ਜਾਂ ਇਸ ਵਿਚਾਰਧਾਰਾ ਨਾਲ ਜੋ ਨਵਾ ਰੁਝਾਨ ਪੈਦਾ ਹੋਇਆ ਉਸ ਰੁਝਾਨ ਵਿਚੋਂ ਜੋ ਰੁਚੀਆਂ, ਪ੍ਰਵਿਰਤੀਆਂ ਬਣੀਆਂ ਉਹਨਾਂ ਪ੍ਰਵਿਰਤੀਆਂ ਵਿਚੋਂ ਜਿਸ ਤਰ੍ਹਾਂ ਦੀ ਸਾਡੀ ਸੋਚ, ਸਾਡੇ ਵਿਸ਼ਵਾਸ਼ ਬਦਲੇ ਉਹਨਾਂ ਨੇ ਸਾਡੀ ਸੰਵੇਦਨਾ ਨੂੰ ਕਿਸ ਤਰ੍ਹਾਂ ਤੇ ਕਿਸ ਹੱਦ ਤੱਕ ਪ੍ਰਭਾਵਿਤ ਕੀਤਾ? ਉਹ ਇਸ ਦੇ ਸਮੁਚੇ ਵਰਤਾਰੇ ਨੂੰ ਉਸਦੇ ਇਤਿਹਾਸਕ ਪਿਛੋਕੜ ਭਾਵ ਵੀਹਵੀਂ ਸਦੀ ਦੇ ਪ੍ਰਸੰਗ ਵਿੱਚ ਰੱਖ ਕੇ ਇਕੀਵੀਂ ਸਦੀ ਨਾਲ ਜੋੜਦਾ ਹੈ। ਡਾ. ਦਵੇਸ਼ਵਰ ਦੀ ਇਹ ਪਹੁੰਚ ਦ੍ਰਿਸ਼ਟੀ ਕਿਸੇ ਪਦਾਰਥਕ, ਬੌਧਿਕ ਜਾਂ ਕਲਾਤਮਕ ਵਰਤਾਰੇ ਨੂੰ ਕਿਸੇ ਕਾਲ ਦੇ ਵਿਸ਼ੇਸ਼ ਖੰਡ ਦੀਆਂ ਸੀਮਾਵਾਂ ਵਿੱਚ ਵੇਖਣ ਪਰਖਣ ਦੀ ਥਾਂ ਇਸ ਦੇ ਪ੍ਰਵਾਹ ਵਿੱਚ ਕਾਰਜਸ਼ੀਲ ਪਰਪੰਰਾ ਨੂੰ ਅੱਖੋ-ਓਹਲੇ ਨਹੀਂ ਕਰਦੀ ਸਗੋਂ ਉਸ ਨੂੰ ਉਸ ਦੀ ਤ੍ਰੈ-ਕਾਲ ਸਮੱਗਰਤਾ ਜਟਿਲਤਾ ਤੇ ਗਤੀਸ਼ੀਲਤਾ ਵਿੱਚ ਗ੍ਰਹਿਣ ਕਰਦੀ ਹੈ। ਇਸ ਸੰਬੰਧ ਵਿੱਚ ਉਹ ਲਿਖਦਾ ਹੈ:

> ਵੀਹਵੀਂ ਸਦੀ ਵਿਸ਼ਵ ਪੱਧਰ 0ਤੇ ਇਤਿਹਾਸਕ ਘਟਨਾਵਾਂ, ਵਿਨਾਸ਼ਕਾਰੀ ਯੁੱਧਾਂ,ਆਰਥਿਕ ਸੰਕਟਾਂ, ਦੇਸ਼ਾਂ ਦੀਆਂ ਨਵੀਆਂ ਹੱਦਬੰਦੀਆਂ, ਸਮਾਜਕ ਇਨਕਲਾਬਾਂ, ਸਭਿਆਚਾਰਕ ਤਬਦੀਲੀਆਂ, ਵਿਚਾਰਧਾਰਕ ਤੇ ਨਸਲੀ ਭੇੜਾਂ, ... ਵਿਸ਼ਵੀਕਰਨ ਦੇ ਏਜੰਡੇ ਦੀ ਚੜ੍ਹਤ,ਗਿਆਨ ਵਿਗਿਆਨ ਦੇ ਵਿਸਫੋਟ ਸੂਚਨਾ ਤੇ ਸੰਚਾਰ ਵਿੱਚ ਅਸਧਾਰਨ ਤੇ ਬੇਮਿਸਾਲ ਕ੍ਰਾਂਤੀ ਦੀ ਸਦੀ ਹੈ। [4]

ਵਾਸਤਵਿਕ ਰੂਪ ਵਿੱਚ ਵੇਖਿਆ ਜਾਵੇ ਤਾਂ ਵੀਹਵੀਂ ਸਦੀ ਦੇ ਦੌਰ ਵਿੱਚ ਪੂੰਜੀਵਾਦੀ ਵਿਵਸਥਾ ਦਾ ਸਾਰ ਤੇ ਸੁਭਾਅ, ਵਿਸ਼ਵੀਕਰਨ ਦੀ ਆਰਥਿਕ-ਵਿਚਾਰਧਾਰਾ ਵਿੱਚ ਵਿਸ਼ਵ ਮੰਡੀ ਦਾ ਪਾਸਾਰ, ਵਿਸ਼ਵੀ ਆਰਥਿਕਤਾ ਦੇ ਭਰਮ ਵਿੱਚ ਮਨੁੱਖਤਾ ਦਾ ਨਿਘਾਰ, ਬਿਜਲਈ ਸਾਧਨਾਂ ਅਤੇ ਸੰਚਾਰ ਦੁਆਰਾ ਅੰਨ੍ਹੀ ਚੇਤਨਾ ਦਾ ਪ੍ਰਸਾਰ ਅਤੇ ਪ੍ਰਚਾਰ ਵਿਅਕਤੀ ਨੂੰ ਵਸਤ ਤੱਕ ਘਟਾ ਦਿੰਦਾ ਹੈ। ਡਾ. ਦਵੇਸ਼ਵਰ ਨੇ ਦਰਤਕਬੀ ਛਵਜਪ;ਜਵਂ ਦੇ ਹਵਾਲੇ ਨਾਲ ਲਿਖਿਆ ਹੈ:

> ਵਿਸ਼ਵੀਕਰਨ ਦੀ ਪ੍ਰਕਿਰਿਆ ਵਿਕਾਸਸ਼ੀਲ ਦੇਸ਼ਾਂ ਉਤੇ ਆਪਣਾ ਆਰਥਿਕ ਅਧਿਕਾਰ ਪ੍ਰਾਪਤ ਕਰਨ ਦਾ ਏਜੰਡਾ ਹੈ ਜਿਸ ਵਿੱਚ ਛਲਕਪਟ, ਪਾਖੰਡ, ਧੌਂਸ, ਕੂਟ-ਨੀਤੀ, ਤਾਕਤ ਅਤੇ ਆਰਥਿਕ ਦਬਾਅ ਸ਼ਾਮਿਲ ਹੈ। [5]

ਡਾ.ਦਵੇਸ਼ਵਰ ਨੇ ਵੀਹਵੀਂ ਤੇ ਇਕਵੀਂ ਸਦੀ ਦੇ ਸਾਹਿਤ 0ਚ ਜੋ ਨਵੇਂ ਰੁਝਾਨ, ਪ੍ਰਵਿਰਤੀਆਂ ਚਲੀਆਂ ਉਹਨਾਂ ਪ੍ਰਵਿਰਤੀਆਂ ਦੇ ਪਿੱਛੇ ਜਿਸ ਤਰ੍ਹਾਂ ਦੇ ਸੰਵੇਦਨਾ-ਮੂਲਕ ਵਿਚਾਰਧਰਾਈ ਆਧਾਰ, ਉਹਨਾਂ ਦਾ ਸਮਾਜ ਸਭਿਆਚਾਰਕ ਤੇ ਆਰਥਿਕ ਪ੍ਰਸੰਗ ਕਿਸ ਤਰ੍ਹਾਂ ਦਾ ਬਣਦਾ ਹੈ ? ਇਸ ਰਾਹੀਂ ਉਸ ਨੂੰ ਸਮਕਾਲ ਦੀ ਸਾਹਿਤ ਦੀ ਸੰਵੇਦਨਾ ਦੀ ਪਛਾਣ ਕਰਵਾਈ ਹੈ।

"ਪੰਜਾਬੀ ਸਾਹਿਤ ਆਲੋਚਨਾ: ਪੁਨਰ ਸੰਵਾਦ" ਮ÷ਮੂਨ ਵਿੱਚ ਡਾ.ਦਵੇਸ਼ਵਰ ਨੇ ਸਭ ਤੋਂ ਪਹਿਲਾਂ ਸਾਹਿਤ ਸਿਧਾਂਤ ਤੇ ਸਾਹਿਤ ਆਲੋਚਨਾ ਵਿੱਚ ਨਿਖੇੜ ਕੀਤਾ। ਉਸ ਨੇ ਇਨਾਂ ਦੋਹਾਂ ਵਿੱਚ ਨਿਖੇੜ ਕਰਦੇ ਲਿਖਿਆ ਹੈ:

> ਇਹ ਇਕ ਅਜਿਹਾ ਅਨੁਸ਼ਾਸਨ ਹੈ ਜਿਹੜਾ ਕਿਸੇ ਰਚਨਾ ਦੇ ਅਰਥ, ਵਿਆਖਿਆ, ਵਿਸ਼ਲੇਸ਼ਣ ਜਾਂ ਮੁਲਾਂਕਣ ਵਲ ਰੁਚਿਤ ਨਹੀਂ ਹੁੰਦਾ ਸਗੋਂ ਵਿਆਖਿਆ ਤੇ ਵਿਸ਼ਲੇਸ਼ਣ ਦੇ ਆਧਾਰ ਮੁਹੱਈਆਂ ਕਰਦਾ ਹੈ। ਦੂਜੇ ਅਰਥਾਂ ਵਿੱਚ ਸਾਹਿਤ ਸਿਧਾਂਤ, ਸਾਹਿਤ ਦੇ ਸਮਾਨਯ ਨਿਯਮਾਂ ਨੂੰ ਨਿਸ਼ਚਿਤ ਕਰਦਾ ਹੈ ਅਤੇ ਸਾਹਿਤ ਸਮੀਖਿਆ/ਆਲੋਚਨਾ ਇਨ੍ਹਾਂ ਸਮਾਨਯ ਗੁਣਾਂ ਦੇ ਅਧਾਰ 0ਤੇ ਸਾਹਿਤਕ ਰਚਨਾਵਾਂ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕਰਦੀ ਹੈ।[6]

ਉਸ ਦੇ ਅਨੁਸਾਰ ਸਾਹਿਤਕਾਰ ਤੇ ਸਮਾਜ ਵਿੱਚ ਜਿਸ ਤਰ੍ਹਾਂ ਦੇ ਅੰਤਰ-ਵਿਰੋਧ ਚਲ ਰਹੇ ਹਨ ਜਾਂ ਜਿਸ ਤਰ੍ਹਾਂ ਦੀਆਂ ਸ਼ਕਤੀਆਂ ਦੇ ਟਕਰਾ ਚਲ ਰਹੇ ਹਨ ਉਸ ਪ੍ਰਤਿ ਲੇਖਕ ਦਾ ਇਕ ਜਮਾਤੀ ਪੈਂਤੜਾ ਹੁੰਦਾ ਹੈ। ਉਸ

ਅਨੁਸਾਰ ਹੀ ਉਹ ਸਮਾਜਕ ਵਸਤ ਨੂੰ ਆਪਣੀ ਸਿਰਜਣਾਤਮਕ ਯੋਗਤਾ ਰਾਹੀਂ ਪੁਨਰ-ਸਿਰਜਤ ਕਰਦਾ ਹੈ। ਸਮਾਜ ਤੇ ਸਮਾਜਿਕ ਸ਼ਕਤੀਆਂ ਵਿਚਲੇ ਘੋਲ ਦੀ ਡੂੰਘੇਰੀ ਸਮਝ ਤੋਂ ਬਿਨ੍ਹਾਂ ਕੋਈ ਵੀ ਲੇਖਕ ਪਾਏਦਾਰ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦਾ। ਆਲੋਚਕ ਦਾ ਕਾਰਜ ਲੇਖਕ ਦੀ ਰਚਨਾ ਤੋਂ ਆਰੰਭ ਹੁੰਦਾ ਹੈ। ਉਹ ਇਸ ਨੂੰ ਦੋ ਪੱਧਰਾਂ 0ਤੇ ਵੇਖਦਾ ਹੈ। ਇਕ ਸਮਾਜਿਕਤਾ ਤੇ ਸਥਿਤੀ ਦੇ ਧਰਾਤਲ ਵਿਚਲੀ ਅੰਤਰ ਸੰਬੰਧਤਾ ਅਤੇ ਸੰਬਾਦਤਾ ਹੈ ਅਤੇ ਦੂਸਰੀ ਸਾਹਿਤ ਦੀ ਪਰਖ ਲਈ ਉਸ ਦੀ ਆਲੋਚਨਾਤਮਕ ਪਕੜ ਹੈ। ਡਾ. ਦਵੇਸ਼ਵਰ ਅਨੁਸਾਰ ਲੇਖਕ, ਆਲੋਚਕ ਤੇ ਮੈਟਾ-ਆਲੋਚਕ ਦਾ ਸਾਂਝਾ ਖੇਤਰ ਸਮਾਜਿਕ ਯਥਾਰਥ ਹੈ ਪਰੰਤੂ ਆਪਣੇ ਅਗਲੇ ਕਾਰਜ ਵਿੱਚ ਇਨ੍ਹਾਂ ਦੀ ਅਧਿਐਨ-ਵਸਤ ਅਤੇ ਉਸ ਦੇ ਅਧਿਐਨ ਦੇ ਢੰਗ-ਤਰੀਕਿਆਂ ਵਿੱਚ ਨਿਖੇੜ ਹੁੰਦਾ ਜਾਂਦਾ ਹੈ।

ਇਸ ਤੋਂ ਅਗਲਾ ਕਾਰਜ-ਮੈਟਾ-ਆਲੋਚਕ ਦਾ ਹੈ ਜੋ ਕਿ ਤੀਸਰੇ ਪੱਧਰ ਦੀ ਭੂਮਿਕਾ ਨਿਭਾਉਣ ਵਾਲਾ ਹੈ। ਉਸ ਦੀ ਸਿਰਜਣਾਤਮਕਤਾ ਤੇ ਸਮਾਜਿਕਤਾ ਦੀ ਸਮਝ, ਸਮਕਾਲੀ ਹਾਲਤਾਂ ਵਿੱਚ ਵਿਚਾਰਧਾਰਾ ਦੀ ਪੱਧਰ 0ਤੇ ਆਲੋਚਕਾ ਦੇ ਜੋ ਮਾਡਲ ਵਿਕਸਿਤ ਹੋਏ ਉਹਨਾਂ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦਾ ਗਿਆਨ, ਸਾਹਿਤ ਚਿੰਤਨ ਦੀ ਪਰੰਪਰਾ ਉੱਤੇ ਡੂੰਘੇਰੀ ਪਕੜ ਆਦਿ ਦੀ ਸੰਬਾਦਤਾ ਤੇ ਉਸ ਦੇ ਅਧਿਐਨ ਚੌਖਟੇ ਨੂੰ ਨਿਰਧਾਰਿਤ ਕਰੇਗੀ। ਡਾ. ਦਵੇਸ਼ਵਰ ਅਨੁਸਾਰ ਯਥਾਰਥ ਬੋਧ ਦੀ ਵਿਗਿਆਨਕ, ਬਾਹਰਮੁਖੀ ਤੇ ਬਹੁ-ਪਾਸਾਰੀ ਸਮਝ ਲਈ ਮਾਰਕਸਵਾਦੀ ਦ੍ਰਿਸ਼ਟੀ ਤੇ ਵਿਧੀ ਹੀ ਕਾਰਗਰ ਹੈ। ਇਸ ਲਈ ਉਹ ਲਿਖਦਾ ਹੈ:

> ਪੰਜਾਬੀ ਸਾਹਿਤ ਆਲੋਚਨਾਂ ਆਪਣੇ ਆਰੰਭ ਤੋਂ ਵਿਕਾਸ ਮੁਖੀ ਹੈ। ਇਸ ਨੇ ਨਵੇਂ ਚਿੰਤਨ ਨਾਲ ਸਾਂਝ ਪਾਈ ਹੈ ਪਰ ਇਸ ਨੇ ਆਪਣਾ ਉਹ ਅਧਾਰ ਵੀ ਬਰਕਰਾਰ ਰੱਖਿਆ ਹੈ ਜਿਹੜਾ ਯਥਾਰਥ ਬੋਧ ਦੀ ਵਿਗਿਆਨਕ ਵਿਧੀ 0ਤੇ ਟਿਕਿਆ ਹੈ।[7]

ਇਸ ਲਈ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀ ਤੋਂ ਸਿਰਜਣਾਤਮਕ ਕਾਰਜ, ਆਲੋਚਨਾਤਮਕ ਕਾਰਜ, ਮੈਟਾ-ਸਮੀਖਿਆ ਦੇ ਕਾਰਜ ਨੂੰ ਉਹ ਵਧੇਰੇ ਗਹਿਰ-ਗੰਭੀਰਤਾ ਨਾਲ ਪਕੜਦਾ ਹੈ। ਇਹੀ ਕਾਰਨ ਹੈ ਕਿ ਡਾ. ਦਵੇਸ਼ਵਰ ਦੀ ਆਲੋਚਨਾ ਵਿੱਚ ਕਿਧਰੇ ਵੀ ਭਾਵੁਕਤਾ ਜਾਂ ਉਲਾਰਤਾ ਨ÷ਰ ਨਹੀਂ ਆਉਂਦੀ ਤੇ ਨਾ ਹੀ ਉਸ ਦੀ ਆਲੋਚਨਾ ਇਕ ਪਾਸੜ ਪੈਂਤੜਾ ਅਖਤਿਆਰ ਕਰਦੀ ਹੈ। ਉਸ ਵਿੱਚ ਇਕ ਬੌਧਿਕ ਸੰਤੁਲਨ ਵੀ ਕਾਇਮ ਕਰਦਾ ਹੈ ਤੇ ਖਾਸ ਕਿਸਮ ਦਾ ਸੂਝ-ਸੰਚਾਰ ਵੀ ਹੁੰਦਾ ਰਹਿੰਦਾ ਹੈ। ਇਸ ਲਈ ਉਹਨਾਂ ਦੀ ਆਲੋਚਨਾ ਕਾਗਜਾਂ ਤਕ ਸੀਮਤ ਨਹੀਂ ਰਹਿੰਦੀ ਸਗੋਂ ਉਹ ਆਪਣਾ ਇਕ ਸਮਾਜਕ ਪ੍ਰਕਾਰਜ ਵੀ ਨਿਭਾਉਂਦੀ ਹੈ। ਇਹੀ ਉਸ ਦੀ ਬੌਧਿਕ ਪ੍ਰੋੜਤਾ ਦਾ ਸਾਰਥਕ ਮੁਲ ਬਣਦਾ ਹੈ।

ਪ੍ਰਗਤੀਵਾਦੀ ਸਾਹਿਤ ਅਤੇ ਆਲੋਚਨਾ ਪ੍ਰਣਾਲੀ ਬਾਰੇ ਹੁਣ ਤੱਕ ਇਕਾ-ਦੁਕਾ ਲੇਖ ਤਾਂ ਲਿਖੇ ਗਏ ਪਰ ਇਸ ਚਿੰਤਨ ਪ੍ਰਣਾਲੀ ਨੂੰ ਸਭ ਤੋਂ ਪਹਿਲਾਂ ਇਤਿਹਾਸਕ, ਸਿਧਾਂਤਕ ਤੇ ਦਾਰਸ਼ਨਿਕ ਅਧਾਰਾਂ ਵਿੱਚ ਡਾ.ਦਵੇਸ਼ਵਰ ਨੇ ਪਕੜਿਆ। ਇਸ ਪ੍ਰਸੰਗ ਵਿੱਚ ਡਾ. ਟੀ. ਆਰ. ਵਿਨੋਦ ਨੇ ਆਪਣੀ ਪੁਸਤਕ ਪੰਜਾਬੀ ਆਲੋਚਨਾ ਸ਼ਾਸਤਰ ਵਿੱਚ ਲਿਖਿਆ ਹੈ:

> ਡਾ.ਦਵੇਸ਼ਵਰ ਦੀ ਵੱਡੀ ਦੇਣ ਪ੍ਰਗਤੀਵਾਦੀ-ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦੇ ਇਤਿਹਾਸਕ, ਸਿਧਾਂਤਕ ਅਤੇ ਵਿਹਾਰਕ ਪਹਿਲੂਆਂ ਨੂੰ ਬੌਧਿਕ ਅਤੇ ਪ੍ਰਮਾਣਿਕ ਦ੍ਰਿਸ਼ਟੀ ਤੋਂ ਸਥਾਪਿਤ ਕਰਨ ਵਿੱਚ ਹੈ। ਉਸ ਕੋਲ ਗਿਆਨ ਹੈ, ਸੋਝੀ ਹੈ ਤੇ ਇਸ ਗਿਆਨ ਅਤੇ ਸੋਝੀ ਦੀ ਰੋਸ਼ਨੀ ਵਿੱਚ ਸਾਹਿਤਕ ਪਾਠਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੀ ਸਮੱਰਥਾ ਵੀ ਹੈ।[8]

ਇਸ ਧਾਰਨਾ ਤੋਂ ਸਪਸ਼ੱਟ ਹੈ ਕਿ ਡਾ.ਦਵੇਸ਼ਵਰ ਨੇ ਪ੍ਰਗਤੀਵਾਦੀ ਆਲੋਚਨਾ ਦ੍ਰਿਸ਼ਟੀ ਨੂੰ ਸਿਰੰ ਸਾਹਿਤਕ ਪਾਠਾਂ ਦੇ ਅਧਿਐਨ-ਵਿਸ਼ਲੇਸ਼ਣ ਤਕ ਹੀ ਸੀਮਤ ਨਹੀਂ ਕੀਤਾ ਸਗੋਂ ਇਹ ਦ੍ਰਿਸ਼ਟੀ ਸੁਹਜ-ਸ਼ਾਸਤਰ ਤੇ ਦੂਜੀਆਂ ਸਭਿਆਚਾਰਕ ਸਿਰਜਣਾਵਾਂ ਦਾ ਵਿਵੇਚਨ ਕਰਨ ਦੇ ਵੀ ਸਮੱਰਥ ਹੈ। ਉਸ ਅਨੁਸਾਰ:

> ਪ੍ਰਗਤੀਵਾਦੀ ਪੰਜਾਬੀ ਆਲੋਚਨਾ ਆਪਣੇ ਆਰੰਭ ਤੋਂ ਅੱਜ ਤਕ ਵਿਕਾਸ ਦੀਆਂ ਮੰ÷ਲਾਂ ਮਾਰਦੀ ਅੱਗੇ ਵੱਧ ਰਹੀ ਹੈ। ਹੁਣ ਇਹ ਸਾਹਿਤ ਦੇ ਮੂਲ-ਪ੍ਰਸ਼ਨਾਂ ਤਕ ਹੀ ਆਪਣੇ-ਆਪ ਨੂੰ ਸੀਮਤ ਨਹੀਂ ਰੱਖਦੀ, ਸਗੋਂ ਸੁਹਜ-ਸ਼ਾਸਤਰ ਤੇ ਸੱਭਿਆਚਾਰ ਦੇ ਹਰੇਕ ਮਹੱਤਵਪੂਰਨ ਪਹਿਲੂ ਨਾਲ ਆਪਣਾ ਵਾਦ-ਵਿਵਾਦ ਤੇ ਸੰਬਾਦ ਰਚਾਉਣ ਦੇ ਸਮੱਰਥ ਹੈ।[9]

ਪੰਜਾਬੀ ਪ੍ਰਗਤੀਵਾਦੀ ਸਾਹਿਤ ਬਾਰੇ ਉਸ ਦੀ ਧਾਰਣਾ ਹੈ ਕਿ ਸਾਡੀ ਪ੍ਰਗਤੀਵਾਦੀ ਲਹਿਰ ਦੋ ਤਰ੍ਹਾਂ ਦਾ ਵਿਚਾਰ ਪੈਂਤੜਾ ਰੱਖਦੀ ਹੈ। ਇਕ ਲੋਕਰਾਜੀ ਉਦਾਰਵਾਦੀ ਵਿਚਾਰਧਾਰਾ ਅਤੇ ਦੂਸਰਾ ਸਮਾਜਵਾਦੀ ਵਿਚਾਰਧਾਰਾ। ਪਰ ਡਾ. ਦਵੇਸ਼ਵਰ ਇਹ ਵੀ ਮੰਨਦਾ ਹੈ ਕਿ ਜੇ ਪ੍ਰਗਤੀਵਾਦੀ ਸਾਹਿਤ ਤੇ ਪ੍ਰਗਤੀਵਾਦੀ ਆਲੋਚਨਾ ਨੇ ਸਮਾਜਿਕ, ਸਾਰਥਕ ਸੇਧ ਤੇ ਭੂਮਿਕਾ ਨਿਭਾਉਣੀ ਹੈ ਤਾਂ ਇਸ ਨੂੰ ਸਮਾਜਵਾਦੀ ਵਿਚਾਰਧਾਰਾ ਨਾਲ ਹੀ ਜੁੜਨਾ ਚਾਹੀਦਾ ਹੈ। ਇਸ ਦੇ ਅਨੁਸਾਰ ਹੀ ਉਸ ਨੂੰ ਸੁਹਜ-ਸ਼ਾਸਤਰ ਦੀ ਉਸਾਰੀ ਕਰਨੀ ਚਾਹੀਦੀ ਹੈ। ਉਸ ਵਿੱਚੋਂ ਹੀ ਆਲੋਚਨਾ ਦਾ ਮਾਡਲ ਵਿਕਸਿਤ ਕਰਨਾ ਚਾਹੀਦਾ ਹੈ।

ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ ਪੁਸਤਕ ਦੇ ਸਮੁੱਚੇ ਅਧਿਐਨ-ਵਿਸ਼ਲੇਸ਼ਣ ਵਿੱਚੋਂ ਜੋ ਡਾ. ਦਵੇਸ਼ਵਰ ਦੀ ਸਾਹਿਤ ਚਿੰਤਨ ਦ੍ਰਿਸ਼ਟੀ ਉਜਾਗਰ ਹੋਈ ਹੈ ਉਸ ਵਿੱਚੋ ਇਹ ਪ੍ਰਮਾਣਿਕ ਹੁੰਦਾ ਹੈ ਕਿ ਉਹ ਸਾਹਿਤਕ ਸੰਵੇਦਨਾ ਤੇ ਸਾਹਿਤ ਦੀ ਸਾਰਥਕਤਾ ਵਰਗੇ ਬੁਨਿਆਦੀ ਪ੍ਰਸ਼ਨਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦਾ ਹੋਇਆ ਸਾਹਿਤ ਸਿਰਜਣਾ ਦੇ ਅਮਲ ਨੂੰ ਉਸ ਦੇ ਭੌਤਿਕ, ਇਤਿਹਾਸਕ, ਸਮਾਜਕ ਅਤੇ ਵਿਚਾਰਧਾਰਾਈ ਪ੍ਰਸੰਗਾਂ ਨਾਲ ਅੰਤਰ-ਸੰਬੰਧਿਤ ਅਤੇ ਰਚਨਾਕਾਰ ਦਾ ਇਸ ਪੂਰੀ ਸਥਿਤੀ ਪ੍ਰਤਿ ਇਕ ਕਲਾਤਮਕ ਹੁੰਗਾਰਾ ਮੰਨਦਾ ਹੈ। ਇਹ ਕਲਾਤਮਕ ਹੁੰਗਾਰਾ ਆਪਣੇ ਵਸਤੂ-ਯਥਾਰਥ ਨਾਲ ਦੁਅੰਦਾਤਮਕਤਾ ਦੇ ਆਪਸੀ ਸੰਬੰਧ ਵਿੱਚ ਬੱਝਿਆ ਹੁੰਦਾ ਹੈ। ਕਿਸੇ ਸਾਹਿਤ ਆਲੋਚਕ ਲਈ ਸਾਹਿਤ ਸਿਰਜਣਾ ਦੇ ਇਨ੍ਹਾਂ ਪ੍ਰਸੰਗਾਂ ਨੂੰ ਉਸ ਦੇ ਪਾਠ ਰਾਹੀਂ ਪਕੜਣਾ ਹੁੰਦਾ ਹੈ। ਸਾਹਿਤ ਦਾ ਸਮਾਜ-ਸ਼ਾਸਤਰ ਵਾਸਤਵ ਵਿੱਚ ਸਾਹਿਤ ਤੇ ਸਮਾਜ-ਸ਼ਾਸਤਰ ਦੇ ਅਜਿਹੇ ਅੰਤਰ-ਸੰਬੰਧਾਂ ਦਾ ਹੀ ਵਿਗਿਆਨ ਹੈ। ਉਸ ਦੇ ਸਾਹਿਤ ਚਿੰਤਨ ਦੀ ਵੱਡੀ ਪ੍ਰਾਪਤੀ ਇਸ ਮੱਤ ਵਿੱਚ ਹੈ ਕਿ ਉਹ ਕਿਸੇ ਵੀ ਸਾਹਿਤਕ ਪਾਠ ਜਾਂ ਚਿੰਤਨੀ-ਪਾਠ ਤੋਂ ਬਾਹਰ ਜਾ ਕੇ ਆਪਣੇ ਫਤਵਿਆਂ ਦਾ ਆਰੋਪਿਨ ਨਹੀਂ ਕਰਦਾ ਸਗੋਂ ਕਿਸੇ ਵੀ ਚਿੰਤਕ ਜਾਂ ਆਲੋਚਕ ਦੇ ਪਾਠਾਂ ਦੇ ਡੂੰਘੇਰੇ ਅਧਿਐਨ-ਵਿਸ਼ਲੇਸ਼ਣ ਰਾਹੀਂ ਉਸ ਵਿੱਚੋਂ ਸਿੱਟੇ ਕੱਢਦਾ ਹੈ। ਅਜਿਹੇ ਅਧਿਐਨ-ਵਿਸ਼ਲੇਸ਼ਣ ਲਈ ਉਸ ਦੀ ਚਿੰਤਨ-ਦ੍ਰਿਸ਼ਟੀ ਦਾ ਆਧਾਰ ਹਮੇਸ਼ਾ ਮਾਰਕਸਵਾਦੀ ਵਿਸ਼ਵ-ਦਰਸ਼ਨ ਹੀ ਰਹਿੰਦਾ ਹੈ। ਇਸ ਲਈ ਉਸ ਦੀ ਚਿੰਤਨ-ਦ੍ਰਿਸ਼ਟੀ ਕਿਸੇ ਵੀ ਤਰ੍ਹਾਂ ਦੀ ਉਲਾਰਤਾ, ਭਾਵੁਕਤਾ ਜਾਂ ਆਰੋਪਨ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਆਪਣੀ ਬੋਧਿਕ ਇਕਾਗਰਤਾ, ਦ੍ਰਿਸ਼ਟੀ ਦੀ ਸਪਸ਼ਟਤਾ ਅਤੇ ਆਪਣੀ ਬਹੁ-ਅਨੁਸ਼ਾਸਨੀ ਪਕੜ ਅਤੇ ਵਿਸ਼ਲੇਸ਼ਣੀ ਵਿਧੀ ਰਾਹੀਂ ਇਹ ਵੱਧ ਤਰਕ-ਸੰਗਤ ਤੇ ਬਾਹਰਮੁਖੀ ਰਹਿੰਦੀ ਹੈ।

**ਹਵਾਲੇ ਟਿੱਪਣੀਆਂ**

1. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, *ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ*, ਪੰਨਾ 13
2. ਉਹੀ, ਪੰਨਾ 13
3. ਉਹੀ, ਪੰਨਾ 13
4. ਉਹੀ, ਪੰਨਾ 23
5. ਉਹੀ, ਪੰਨਾ 26
6. ਉਹੀ, ਪੰਨਾ 30
7. ਉਹੀ, ਪੰਨਾ 43
8. ਡਾ. ਟੀ. ਆਰ. ਵਿਨੋਦ, *ਪੰਜਾਬੀ ਆਲੋਚਨਾ ਸ਼ਾਸਤਰ*, ਪੰਨਾ 163
9. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, *ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ*, ਪੰਨਾ